## ਲੋੜੀਂਦੇ ਦਸਤਾਵੇਜ਼ਾਂ ਦੀਆਂ ਕਾਪੀਆਂ

- ਦਰਖਾਸਤਕਰਤਾ ਅਤੇ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਪਛਾਣ ਦੀ ਦਸਤਾਵੇਜ਼ (ਜੇ ਦਰਖਾਸਤ ਵਿਅਕਤੀਗਤ ਤੌਰ 'ਤੇ ਜਮ੍ਹਾਂ ਕਰਵਾਈ ਜਾ ਰਹੀ ਹੈ, ਤਾਂ ਸਰਵਿਸ ਯੂਨਿਟਾਂ ਵਿਖੇ ਮੂਲ ਕਾਪੀਆਂ ਪੇਸ਼ ਕਰਨਾ ਚੁਣਿਆ ਜਾ ਸਕਦਾ ਹੈ)
- ਨਿੱਜੀ ਹਾਊਸਿੰਗ, ਉਦਯੋਗਿਕ ਇਮਾਰਤਾਂ, ਵਪਾਰਕ ਇਮਾਰਤਾਂ ਜਾਂ ਸੋਸ਼ਲ ਹਾਊਸਿੰਗ ਵਿਚ ਕਿਰਾਏ ਦੀ ਰਿਹਾਇਸ਼ ਦੀਆਂ ਕਿਰਾਏ ਦੀਆਂ ਰਸੀਦਾਂ (ਜੇ ਲਾਗੂ ਹੋਏ)
- ਹੋਸਟਲਾਂ/ਸ਼ੈਲਟਰਾਂ ਵਿਚ ਰਹਿਣ ਦੇ ਦਸਤਾਵੇਜ਼ੀ ਸਬੂਤ (ਜੇ ਲਾਗੂ ਹੋਏ)
- ਬੈਂਕ ਖਾਤੇ ਦੇ ਦਸਤਾਵੇਜ਼ੀ ਸਬੂਤ (ਜੇ ਲਾਗੂ ਹੋਏ)

## ਦਰਖਾਸਤ ਫਾਰਮ ਅਤੇ ਪ੍ਰੋਗ੍ਰਾਮ ਦਾ ਸੰਖੇਪ

- ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਡਿਸਟ੍ਰਿਕਟ ਸੋਸ਼ਲ ਵੈਲਫੇਅਰ ਆਫ਼ਿਸਜ਼, ਡਿਸਟ੍ਰਿਕਟ ਆਫ਼ਿਸਜ਼ ਦੇ ਹੋਮ ਅਫ਼ੇਅਰਜ਼ ਇਨਕੁਆਇਰੀ ਸੈਂਟਰਜ਼, ਸਪੋਰਟ ਸਰਵਿਸ ਸੈਂਟਰਜ਼ ਫਾਰ ਐਥੀਨਿਕ ਮਾਈਨੋਰਿਟੀਜ਼ ਵਿਖੇ, ਉਹ ਸਰਵਿਸ ਯੂਨਿਟਜ਼ ਜੋ ਪ੍ਰੋਗ੍ਰਾਮ ਲਾਗੂ ਕਰਨ ਵਿਚ ਸਹਾਇਤਾ ਕਰਦੇ ਹਨ ਵਿਖੇ, ਜਾਂ ਕਮਿਊਨਿਟੀ ਕੇਅਰ ਫੰਡ ਦੀ ਵੈਬਸਾਇਟ 'ਤੇ ਉਪਲਬੱਧ ਹਨ

**ਪੁੱਛ-ਗਿੱਛ ਦੀ ਹਾਟਲਾਇਨ** Enquiry Hotline
**2180 6666**

**ਵੈਬਸਾਇਟ** Website
**www.communitycarefund.hk**

* ਸਰਵਿਸ ਯੂਨਿਟਸ ਦੀ ਸੂਚੀ ਪ੍ਰੋਗ੍ਰਾਮ ਦੇ ਸੰਖੇਪ ਵੇਰਵੇ ਅਤੇ ਕਮਿਊਨਿਟੀ ਕੇਅਰ ਫੰਡ ਦੀ ਵੈਬਸਾਇਟ 'ਤੇ ਉਪਲਬੱਧ ਹੈ।

Punjabi



**ਦਰਖਾਸਤ ਦੇਣ ਦੀ ਅਵਧੀ**
**Application Period**
**4•1•2021-**
**31•5•2021**
**(ਫੇਜ਼ ਅਨੁਸਾਰ by phases)**

# ਕਮਿਊਨਿਟੀ ਕੇਅਰ ਫੰਡ
# Community Care Fund

## ਨਾਨ-ਪਬਲਿਕ ਹਾਊਸਿੰਗ ਅਤੇ ਨਾਨ-ਸੀ ਐਸ ਐਸ ਏ (CSSA) ਹਾਊਸਹੋਲਡਜ਼ ਲਈ ਲਿਵਿੰਗ ਸਬਸਿਡੀ 2021
**Living Subsidy for Non-Public Housing and Non-CSSA Households (2021)**



## ਪਾਤਰਤਾ ਮਾਪਦੰਡ

- ਮਹੀਨੇਵਾਰ ਅਧਾਰ (ਜਾਂ ਲੰਬੀ ਅਵਧੀ ਲਈ) 'ਤੇ ਨਿੱਜੀ ਹਾਊਸਿੰਗ, ਉਦਯੋਗਿਕ ਇਮਾਰਤਾਂ, ਕਾਰੋਬਾਰੀ ਇਮਾਰਤਾਂ ਜਾਂ ਸੋਸ਼ਲ ਹਾਊਸਿੰਗ ਵਿਚ ਰਿਹਾਇਸ਼ ਨੂੰ ਕਿਰਾਏ 'ਤੇ ਲੈਣਾ; ਜਾਂ ਹੋਮ ਅਫ਼ੇਅਰਜ਼ ਡਿਪਾਰਟਮੈਂਟ ਦੇ ਸਿੰਗਲਟਨ ਹੋਸਟਲ ਪ੍ਰੋਗ੍ਰਾਮ ਦੇ ਅਧੀਨ ਬੈੱਡਸਪੇਸਜ਼ ਨੂੰ ਜਾਂ ਮੁੜ-ਵਸੇਬਾ ਕੀਤੇ ਗਏ ਮੁਜਰਮਾਂ ਲਈ ਗੈਰ-ਸਰਕਾਰੀ ਸੰਗਠਨਾਂ ਦੁਆਰਾ ਮੁਹੱਈਆ ਕਰਵਾਈਆਂ ਜਾਂਦੀਆਂ ਬੈੱਡਸਪੇਸਜ਼ ਨੂੰ ਕਿਰਾਏ 'ਤੇ ਲੈਣਾ; ਜਾਂ ਆਰਜ਼ੀ ਹਾਊਸਿੰਗ ਜਾਂ ਵੈਸੱਲਜ਼ ਵਿਚ ਰਹਿਣਾ; ਜਾਂ ਬੇਘਰੇ
- ਕੰਪਰੀਹੈਂਸਿਵ ਸੋਸ਼ਲ ਸਿਕਓਰਟੀ ਅਸਿਸਟੈਂਸ ਪ੍ਰਾਪਤ ਨਹੀਂ ਕਰ ਰਹੇ; ਅਤੇ ਹਾਂਗ ਕਾਂਗ ਵਿਚ ਕਿਸੇ ਤਰ੍ਹਾਂ ਦੀ ਸੰਪਤੀ ਦੇ ਮਾਲਕ ਨਹੀਂ
- ਪਿਛਲੇ 3 ਮਹੀਨੇ ਵਿਚ ਔਸਤ ਮਹੀਨੇਵਾਰ ਆਮਦਨ ਨਿਰਧਾਰਤ ਕੀਤੀਆਂ ਗਈਆਂ ਸੀਮਾਵਾਂ ਤੋਂ ਵੱਧਣੀ ਨਹੀਂ ਚਾਹੀਦੀ ਹੈ; ਅਤੇ ਉਹ ਜੋ ਨਿੱਜੀ ਹਾਊਸਿੰਗ, ਉਦਯੋਗਿਕ ਇਮਾਰਤਾਂ, ਵਪਾਰਕ ਇਮਾਰਤਾਂ ਜਾਂ ਸੋਸ਼ਲ ਹਾਊਸਿੰਗ ਵਿਚ ਕਿਰਾਏ ਦੀ ਰਿਹਾਇਸ਼ 'ਤੇ ਹਨ, ਪਿਛਲੇ 3 ਮਹੀਨੇ ਵਿਚ ਉਨ੍ਹਾਂ ਦੁਆਰਾ ਭੁਗਤਾਨ ਕੀਤਾ ਗਿਆ ਔਸਤ ਕਿਰਾਇਆ ਨਿਰਧਾਰਤ ਕਿਰਾਇਆ ਸੀਮਾਵਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ। ਆਮਦਨ ਅਤੇ ਕਿਰਾਏ ਦੀਆਂ ਢੁੱਕਵੀਆਂ ਨਿਰਧਾਰਤ ਸੀਮਾਵਾਂ ਹੇਠ ਲਿਖੇ ਅਨੁਸਾਰ ਹਨ:

| ਪਰਿਵਾਰ ਦਾ ਆਕਾਰ (ਵਿਅਕਤੀ) | ਪਰਿਵਾਰ ਦੀ ਆਮਦਨ ਸੀਮਾ ($) | ਪਰਿਵਾਰ ਦੀ ਕਿਰਾਏ ਦੀ ਸੀਮਾ ($) (ਜੇ ਲਾਗੂ ਹੋਏ) |
|---|---|---|
| 1 | 15,100 | 7,550 |
| 2 | 22,000 | 11,000 |
| 3 | 26,800 | 13,400 |
| 4 | 33,500 | 16,750 |
| 5 | 36,900 | 18,450 |
| 6 ਜਾਂ ਵੱਧ | 40,800 | 20,400 |





## ਸਬਸਿਡੀ

| | |
|---|---|
| 1-ਵਿਅਕਤੀ ਵਾਲੇ ਘਰ ਲਈ | $4,500 |
| 2-ਵਿਅਕਤੀ ਵਾਲੇ ਘਰ ਲਈ | $9,000 |
| 3-ਵਿਅਕਤੀ ਵਾਲੇ ਘਰ ਲਈ | $12,500 |
| 4-ਵਿਅਕਤੀ ਵਾਲੇ ਘਰ ਲਈ | $14,500 |
| 5-ਜਾਂ-ਜ਼ਿਆਦਾ ਵਿਅਕਤੀ ਵਾਲੇ ਘਰ ਲਈ | $15,500 |

## ਅਰਜ਼ੀ ਦੇਣ ਦੀ ਪ੍ਰਕ੍ਰਿਆ

- "ਨਾਨ-ਪਬਲਿਕ ਹਾਊਸਿੰਗ ਅਤੇ ਨਾਨ-ਸੀ ਐਸ ਐਸ ਏ (CSSA) ਹਾਊਸਹੋਲਡਜ਼ ਲਈ ਲਿਵਿੰਗ ਸਬਸਿਡੀ" ਪ੍ਰੋਗਰਾਮ (2020) ਦੇ ਅਧੀਨ ਲਾਭਆਰਥੀ ਸੀ ਸੀ ਐਫ਼ (CCF) ਸਕੱਤਰੇਤ ਦੁਆਰਾ ਜਨਵਰੀ ਅਤੇ ਮਈ 2021 ਦੇ ਵਿਚਕਾਰ ਜਾਰੀ ਕੀਤਾ ਗਿਆ ਇਕ ਨੋਟੀਫਿਕੇਸ਼ਨ ਪ੍ਰਾਪਤ ਕਰਨਗੇ। ਉਨ੍ਹਾਂ ਨੂੰ ਆਪਣੀ ਪਾਤਰਤਾ ਦੀ ਪੁਸ਼ਟੀ ਲਈ ਪੱਤਰ ਵਿਚ ਦਰਸਾਈ ਗਈ ਅੰਤਮ ਤਾਰੀਖ ਤੱਕ ਕੇਵਲ ਨਾਲ ਨੱਥੀ ਜੁਆਬੀ ਸਲਿਪ ਭੇਜਣ ਦੀ ਜ਼ਰੂਰਤ ਹੈ।
- ਨਵੇਂ ਦਰਖਾਸਤਕਰਤਾ ਪਰਿਵਾਰਾਂ ਨੂੰ ਸਰਵਿਸ ਯੂਨਿਟਾਂ* ਜੋ ਪਰਿਵਾਰ ਦੇ ਆਕਾਰ ਦੇ ਅਨੁਸਾਰ ਪ੍ਰੋਗ੍ਰਾਮ ਲਾਗੂ ਕਰਨ ਵਿਚ ਸਹਾਇਤਾ ਕਰਦੇ ਹਨ, ਨੂੰ ਵਿਅਕਤੀਗਤ ਰੂਪ ਵਿਚ ਜਾਂ ਡਾਕ ਰਾਹੀਂ ਦਰਖਾਸਤ ਫਾਰਮ (ਲੋੜੀਂਦੇ ਦਸਤਾਵੇਜ਼ਾਂ ਦੇ ਨਾਲ) ਜਮ੍ਹਾਂ ਕਰਵਾਉਣਾ ਪਵੇਗਾ:

| | |
|---|---|
| **4 ਜਨ 2021 ਤੋਂ:** | **1-ਵਿਅਕਤੀ ਵਾਲਾ ਘਰ** |
| **1 ਫਰ 2021 ਤੋਂ:** | **2-ਵਿਅਕਤੀ ਵਾਲਾ ਘਰ** |
| **1 ਮਾਰ 2021 ਤੋਂ:** | **3-ਵਿਅਕਤੀ ਵਾਲਾ ਘਰ** |
| **1 ਅਪ੍ਰੈ 2021 ਤੋਂ:** | **4-ਜਾਂ-ਜ਼ਿਆਦਾ ਵਿਅਕਤੀ ਵਾਲਾ ਘਰ** (ਭਾਵ ਸਾਰੇ ਰਿਹਾਇਸ਼ੀ) |